# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

## ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**
**ਪੰਜਾਬ ।**

ਮੀਮੋ ਨੰ: 2025 / ਐਨ.ਐਸ.ਕਿਉ.ਐਫ (529763) 367074 ਮਿਤੀ: 18/12/2025

**ਵਿਸ਼ਾ:- Exposure to Vocational Education for Class 6th to 8th students.**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਭਾਰਤ ਸਰਕਾਰ ਵੱਲੋਂ ਇਸ ਅਕਾਦਮਿਕ ਸੈਸ਼ਨ ਦੌਰਾਨ 1221 ਸਕੂਲਾਂ ਦੇ 6ਵੀਂ ਤੇ 8ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪ੍ਰੀ-ਵੋਕੇਸ਼ਨਲ ਸਿੱਖਿਆ ਦੇਣ ਦੀ ਹਦਾਇਤ ਕੀਤੀ ਗਈ ਹੈ। ਇਸ ਮੱਦ ਅਧੀਨ 6ਵੀਂ ਤੋਂ 8ਵੀਂ ਜਮਾਤ ਦੇ ਵਿਦਿਆਰਥੀਆਂ ਦੇ ਲੈਵਲ ਨੂੰ ਧਿਆਨ ਵਿੱਚ ਰੱਖਦੇ ਹੋਏ ਗਤੀਵਿਧੀਆਂ ਪਲਾਨ ਕਰਕੇ ਉਹਨਾਂ ਨੂੰ ਵੋਕੇਸ਼ਨਲ ਸਿੱਖਿਆ ਤੋਂ ਜਾਣੂ ਕਰਵਾਇਆ ਜਾਣਾ ਹੈ।

3.0 ਇਸ ਗਤੀਵਿਧੀ ਰਾਹੀਂ ਛੋਟੀ ਉਮਰ ਵਿੱਚ ਹੀ ਪ੍ਰੀਵੋਕੇਸ਼ਨਲ ਸਿੱਖਿਆ ਦੇ exposure ਨਾਲ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ਼ ਵਧੇਗਾ ਅਤੇ ਉਹ ਭਵਿੱਖ ਵਿੱਚ ਵੋਕੇਸ਼ਨਲ ਸਿੱਖਿਆ ਵੱਲ ਵਧੇਰੇ ਰੁਝਾਨ ਰੱਖਣ ਲਈ ਪ੍ਰੇਰਿਤ ਹੋਣਗੇ।

4.0 ਇਸ ਗਤੀਵਿਧੀ ਲਈ ਆਪ ਦੇ ਜ਼ਿਲ੍ਹੇ ਨੂੰ ਹੇਠ ਦਰਸ਼ਾਏ ਅਨੁਸਾਰ ਗ੍ਰਾਂਟ ਜਾਰੀ ਕੀਤੀ ਗਈ ਹੈ:-

| S. No. | District | No. of schools | Unit Cost (in Lakhs) | Total Amount disbursed (in Lakhs) |
|---|---|---|---|---|
| 1 | AMRITSAR | 82 | 0.15 | 12.30 |
| 2 | BARNALA | 26 | 0.15 | 3.90 |
| 3 | BATHINDA | 85 | 0.15 | 12.75 |
| 4 | FARIDKOT | 32 | 0.15 | 4.80 |
| 5 | FATEHGARH SAHIB | 31 | 0.15 | 4.65 |
| 6 | FAZILKA | 66 | 0.15 | 9.90 |
| 7 | FEROZEPUR | 46 | 0.15 | 6.90 |
| 8 | GURDASPUR | 73 | 0.15 | 10.95 |
| 9 | HOSHIARPUR | 54 | 0.15 | 8.10 |
| 10 | JALANDHAR | 89 | 0.15 | 13.35 |
| 11 | KAPURTHALA | 41 | 0.15 | 6.15 |
| 12 | LUDHIANA | 89 | 0.15 | 13.35 |
| 13 | MALERKOTLA | 11 | 0.15 | 1.65 |
| 14 | MANSA | 49 | 0.15 | 7.35 |
| 15 | MOGA | 65 | 0.15 | 9.75 |
| 16 | MUKTSAR | 57 | 0.15 | 8.55 |
| 17 | PATHANKOT | 28 | 0.15 | 4.20 |
| 18 | PATIALA | 67 | 0.15 | 10.05 |
| 19 | ROOPNAGAR | 35 | 0.15 | 5.25 |

| | | | | |
|---|---|---|---|---|
| 20 | S.B.S. NAGAR | 33 | 0.15 | 4.95 |
| 21 | SANGRUR | 70 | 0.15 | 10.50 |
| 22 | SAS NAGAR | 37 | 0.15 | 5.55 |
| 23 | TARN TARAN | 55 | 0.15 | 8.25 |
| | **Total** | **1221** | | **183.15** |

5.0 ਉਕਤ ਗਤੀਵਿਧੀ ਨੂੰ ਲਾਗੂ ਕਰਨ ਲਈ **NCERT** ਵੱਲੋਂ ਹਰ ਇੱਕ ਜਮਾਤ (6ਵੀਂ,7ਵੀਂ,8ਵੀਂ ) ਲਈ ਵੱਖ-ਵੱਖ **module** ਤਿਆਰ ਕੀਤੇ ਗਏ ਹਨ । ਜਿਹਨਾਂ ਦੀ ਕਾਪੀ ਇਸ ਪੱਤਰ ਨਾਲ **ਨੱਥੀ** ਹੈ। ਇਹਨਾਂ module ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਵੱਖ ਵੱਖ ਟਰੇਡਾਂ ਦੀਆਂ ਹਰ ਜਮਾਤ ਲਈ ਅਲੱਗ-ਅਲੱਗ ਗਤੀਵਿਧੀਆਂ ਕਰਵਾਈਆਂ ਜਾਣ।

**ਗਤੀਵਿਧੀ ਕਰਵਾਉਣ ਲਈ ਮੁੱਖ ਹਦਾਇਤਾਂ ਹੇਠ ਦਰਸ਼ਾਏ ਅਨੁਸਾਰ ਹਨ:-**

I. ਪ੍ਰੀ-ਵੋਕੇਸ਼ਨਲ ਸਿੱਖਿਆ ਅਧੀਨ ਕਰਵਾਉਣ ਵਾਲੀ ਗਤੀਵਿਧੀ ਦਾ ਉਦੇਸ਼ ਸਪੱਸ਼ਟ ਤੌਰ ਤੇ ਦੱਸਿਆ ਜਾਵੇ।

II. ਐਕਟੀਵਿਟੀ ਕਰਵਾਉਣ ਲਈ ਇੱਕ ਐਕਟੀਵਿਟੀ ਪਲਾਨ ਤਿਆਰ ਕੀਤਾ ਜਾਵੇ, ਜਿਸ ਵਿੱਚ ਐਕਟੀਵਿਟੀ ਦਾ ਟਾਇਟਲ, ਲਰਨਿੰਗ ਆਊਟਕਮ, ਨਿਸ਼ਚਿਤ ਸਮਾਂ, ਆਦਿ ਸਪੱਸ਼ਟ ਤੌਰ ਤੇ ਦੱਸਿਆ ਜਾਵੇ।ਉਦਾਹਰਣ ਦੇ ਤੌਰ ਤੇ ਵਿਦਿਆਰਥੀ ਇਹ ਗਤੀਵਿਧੀ ਕਿਸ ਤਰ੍ਹਾਂ ਕਰਨਗੇ, ਗਤੀਵਿਧੀ ਨੂੰ ਮੌਜੂਦਾ ਵਿਸ਼ੇ ਦੇ ਪਾਠਕ੍ਰਮ ਜਾਂ ਸਿਲੇਬਸ ਨਾਲ ਕਿਵੇਂ ਜੋੜਨਗੇ, ਆਦਿ ।

III. ਸਕੂਲ ਪੱਧਰ ਤੇ ਇੱਕ ਰਿਸੋਰਸ ਲਿਸਟ ਤਿਆਰ ਕੀਤੀ ਜਾਵੇ। ਉਦਾਹਰਨ ਦੇ ਤੌਰ ਤੇ ਐਕਟੀਵਿਟੀ ਦੌਰਾਨ ਵਰਤੋਂ ਵਿੱਚ ਆਉਣ ਵਾਲੀ ਸਮੱਗਰੀ, ਸਾਜ਼ੋ-ਸਮਾਨ ਅਤੇ ਐਕਟੀਵਿਟੀ ਨੂੰ ਵਧੀਆ ਢੰਗ ਨਾਲ ਕਰਨ ਲਈ ਲੋੜੀਂਦੇ ਕੋਈ ਹੋਰ ਸਰੋਤ।

IV. ਐਕਟੀਵਿਟੀ ਕਰਵਾਉਣ ਸਮੇਂ ਮੁੰਡੇ ਅਤੇ ਕੁੜੀਆਂ ਨੂੰ ਬਰਾਬਰ ਦਾ ਮੌਕਾ ਦਿੱਤਾ ਜਾਵੇ।

V. ਐਕਟੀਵਿਟੀ ਕਰਨ ਉਪਰੰਤ ਇਹ ਮੁਲਾਂਕਣ ਕੀਤਾ ਜਾਵੇ ਕਿ ਗਤੀਵਿਧੀ ਕਿੰਨੀ ਕੁ ਪ੍ਰਭਾਵਸ਼ਾਲੀ ਰਹੀ?

VI. ਪ੍ਰੀ-ਵੋਕੇਸ਼ਨਲ ਐਕਟੀਵਿਟੀ ਸਬੰਧੀ ਵਿਦਿਆਰਥੀਆਂ, ਅਧਿਆਪਕਾਂ ਅਤੇ ਪੇਸ਼ੇਵਰਾਂ ਦਾ ਫੀਡਬੈਕ ਲਿਆ ਜਾਵੇ ਤਾਂ ਜੋ ਭਵਿੱਖ ਵਿੱਚ ਇਸ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।

VII. ਗਤੀਵਿਧੀ ਦੀਆਂ ਤਸਵੀਰਾਂ ਲਈਆਂ ਜਾਣ, ਵਿਦਿਆਰਥੀਆਂ ਦੇ ਅਨੁਭਵਾਂ ਦੇ ਵਿਡੀਉ ਬਣਾਏ ਜਾਣ ਅਤੇ best practices ਨੂੰ document ਕੀਤਾ ਜਾਵੇ।

6.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਰਾਸ਼ੀ ਖਰਚ ਕਰਨ ਤੋਂ ਬਾਅਦ ਵਰਤੋਂ ਸਰਟੀਫਿਕੇਟ ਮਿਤੀ 31-01-2026 ਤੱਕ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਪ੍ਰਬੰਧ ਪੋਰਟਲ ਤੇ ਵੀ ਖਰਚਾ ਅੱਪ-ਡੇਟ ਕੀਤਾ ਜਾਵੇ।

8/12/25

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ (NSQF)
ਸਮੱਗਰ ਸਿੱਖਿਆ ਅਭਿਆਨ, ਪੰਜਾਬ।

**ਨੱਥੀ:**

NCERT ਵੱਲੋਂ ਤਿਆਰ ਕੀਤੀਆਂ modules

- 6ਵੀਂ ਜਮਾਤ ਲਈ
- 7ਵੀਂ ਜਮਾਤ ਲਈ
- 8ਵੀਂ ਜਮਾਤ ਲਈ